# ਕੋਰੀਓਗਰਾਫੀ ਦੀ ਕਲਾ, ਨਾਟਕ ਸਿਖਲਾਈ ਦਾ ਆਰੰਭ

**ਕਲਾ ਤੇ ਜ਼ਿੰਦਗੀ**



**ਗੁਰਸ਼ਰਨ ਸਿੰਘ**

ਕੋਰੀਓਗਰਾਫੀ ਦੀਆਂ ਪੇਸ਼ਕਾਰੀਆਂ ਅੱਜ ਪੰਜਾਬ ਦੀਆਂ ਲੋਕ ਪੱਖੀ ਸਟੇਜਾਂ ਦਾ ਇਕ ਅਹਿਮ ਭਾਗ ਬਣ ਚੁੱਕੀਆਂ ਹਨ। ਨਾਚ, ਨਾਟਕ, ਐਕਸ਼ਨ ਗੀਤ, ਕੋਰੀਓਗਰਾਫੀ ਆਪਸ ਵਿਚ ਜੁੜਦੇ ਕਲਾ ਦੇ ਰੂਪ ਹਨ।

1950-60 ਵਿਚ ਨਾਚ ਨਾਟਕ ਜਾਂ ਓਪੇਰੇ ਪੰਜਾਬ ਦੀ ਸਟੇਜ ਦੀ ਸ਼ਾਨ ਰਹੇ ਹਨ। ਤੇਰਾ ਸਿੰਘ ਚੰਨ ਦਾ ਅਮਰ ਪੰਜਾਬ ਅਤੇ ਜੁਗਿੰਦਰ ਬਾਹਰਲਾ ਦਾ ਹਾੜੀਆਂ-ਸੌਣੀਆਂ ਇਹਦੀਆਂ ਮਿਸਾਲਾਂ ਹਨ। ਜੁਗਿੰਦਰ ਬਾਹਰਲਾ ਆਪ ਹੀ ਗੀਤ ਅਤੇ ਗੀਤ ਨਾਟ ਲਿਖਦਾ ਸੀ, ਆਪ ਹੀ ਗਾਉਂਦਾ ਸੀ ਅਤੇ ਨਾਟਕੀ ਰੂਪ ਵਿਚ ਉਨ੍ਹਾਂ ਨੂੰ ਸਟੇਜ ਉਤੇ ਪੇਸ਼ ਕਰਦਾ ਸੀ। ਆਪਣੀ ਮਿਸਾਲ ਉਹ ਆਪ ਸੀ। ਕਿਹਾ ਜਾ ਸਕਦਾ ਹੈ ਕਿ ਉਸ ਦੇ ਨਾਲ ਦਾ ਕਲਾਕਾਰ ਨਾ ਪਹਿਲੇ ਕੋਈ ਹੋਇਆ ਸੀ ਅਤੇ ਉਸ ਦੇ ਸਟੇਜ ਛੱਡਣ ਤੋਂ ਬਾਅਦ ਨਾ ਕੋਈ ਹੋਰ ਹੋਇਆ ਹੈ।

1950-60 ਵਿਚ ਐਕਸ਼ਨ ਗੀਤ ਵੀ ਇਸ ਦੀਆਂ ਪੇਸ਼ਕਾਰੀਆਂ ਦੀ ਵਿਸ਼ੇਸ਼ਤਾ ਸੀ। 1980-90 ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰਾਂ ਨੇ ਇਸ ਨੂੰ ਅਪਣਾਇਆ। ਸਤਵਿੰਦਰ ਸੋਨੀ, ਸੁਖਦੇਵ ਪ੍ਰੀਤ, ਨਰਿੰਦਰ ਸਾਂਘੀ, ਕੇਵਲ ਧਾਲੀਵਾਲ, ਗੁਲਸ਼ਨ ਆਦਿਕ ਕਲਾਕਾਰਾਂ ਨੇ ਪਰਮਜੀਤ ਵਲੋਂ ਗਾਏ, ਜਗਮੋਹਣ ਜੋਸ਼ੀ ਦੇ ਇਨਕਲਾਬੀ ਗੀਤਾਂ ਨੂੰ ਜਿਸ ਤਰ੍ਹਾਂ ਐਕਸ਼ਨਾਂ ਰਾਹੀਂ ਪੇਸ਼ ਕੀਤਾ, ਬਿਹਾਰ, ਯੂ.ਪੀ., ਭੁਪਾਲ ਦੇ ਲੋਕ ਹੁਣ ਵੀ ਉਨ੍ਹਾਂ ਨੂੰ ਯਾਦ ਕਰਦੇ ਹਨ। ਇਸੇ ਕਲਾ ਨੂੰ ਲੋਹੀਆਂ ਦੇ ਕਲਾਕਾਰਾਂ ਨੇ ਜਗਮੋਹਣ ਲੋਹੀਆਂ ਦੀ ਅਗਵਾਈ ਵਿਚ ਸਿਖਰ ਉਤੇ ਪੁਚਾਇਆ। ਹੁਣ ਕੋਰੀਓਗਰਾਫੀ ਦਾ ਰੂਪ ਪੰਜਾਬ ਦੀਆਂ ਸਟੇਜਾਂ ਉਤੇ ਮਕਬੂਲ ਹੈ। ਨਾਟਕ ਦਾ ਇਹ ਉਹ ਰੂਪ ਹੈ ਜਦੋਂ ਕਿਸੇ ਗੀਤ ਨੂੰ ਨਾਟ ਦ੍ਰਿਸ਼ਾਂ ਰਾਹੀਂ ਮੰਚਣ ਕੀਤਾ ਜਾਂਦਾ ਹੈ।

ਡਿਕਸ਼ਨਰੀ ਦੀ ਪਰਿਭਾਸ਼ਾ ਅਨੁਸਾਰ ਕੋਰੀਓਗਰਾਫੀ ਕਲਾ ਦਾ ਉਹ ਰੂਪ ਹੈ ਜਿਸ ਨੂੰ ਯੂਨਾਨੀ ਨਾਟਕ ਵਿਚ ਕੋਰਸ ਗਾਉਂਦੇ ਸੀ ਅਤੇ ਕੋਰਸ ਦੇ ਗੀਤ ਨੂੰ ਕਲਾਕਾਰਾਂ ਦੀ ਇਕ ਟੋਲੀ ਨਾਚ ਅਤੇ ਨਾਟਕ ਦ੍ਰਿਸ਼ਾਂ ਰਾਹੀਂ ਪੇਸ਼ ਕਰਦੀ ਸੀ। ਪੰਜਾਬ ਦੀ ਸਟੇਜ ਉਤੇ ਇਹ ਕਲਾ ਇਸ ਰੂਪ ਵਿਚ ਜਾਣੀ ਜਾਂਦੀ ਹੈ ਜਦੋਂ ਕਿਸੇ ਰਿਕਾਰਡ ਕੀਤੇ ਗੀਤ ਜਾਂ ਸਟੇਜ ਉਤੇ ਇਕ ਪਾਸੇ ਬੈਠੀ ਗੀਤ-ਸੰਗੀਤ ਦੀ ਟੋਲੀ ਰਾਹੀਂ ਗਾਏ ਗੀਤ ਨੂੰ ਨਾਟ ਦ੍ਰਿਸ਼ਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਫਿਲਮਾਂ ਵਿਚ ਵੀ ਹੁਣ ਕੋਰੀਓਗਰਾਫੀ ਦੀ ਕਲਾ ਨੂੰ ਵੱਖਰੀ ਪਹਿਚਾਣ ਦਿੱਤੀ ਗਈ ਹੈ। ਕਿਸੇ ਵੇਲੇ ਫਿਲਮ ਦੇ ਟਾਈਟਲ ਜਦੋਂ ਦਰਸ਼ਕਾਂ ਅੱਗੇ ਆਉਂਦੇ ਸਨ ਤਾਂ ਇਕ ਨਾਂ ਡਾਂਸ ਡਾਇਰੈਕਟਰ ਦਾ ਹੁੰਦਾ ਸੀ ਪਰ ਹੁਣ ਟਾਈਟਲਾਂ ਵਿਚ ਕੋਰੀਓਗਰਾਫਰ ਦਾ ਨਾਂ ਵੀ ਸ਼ਾਮਲ ਕੀਤਾ ਗਿਆ ਹੈ। ਫਿਲਮ ਦੇ ਬਹੁਤ ਸਾਰੇ ਗੀਤਾਂ ਨੂੰ ਨਾਚ ਟੋਲੀਆਂ ਦੀ ਕੋਰੀਓਗਰਾਫੀ ਰਾਹੀਂ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਕੋਰੀਓਗਰਾਫੀ ਦੇ ਲਈ ਵੱਖਰਾ ਸਨਮਾਨ ਵੀ ਫਿਲਮੀ ਸਨਮਾਨਾਂ ਵਿਚ ਸ਼ਾਮਲ ਕਰ ਦਿੱਤਾ ਗਿਆ ਹੈ। ਕੋਰੀਓਗਰਾਫੀ ਦੀ ਕਲਾ ਹੁਣ ਦ੍ਰਿਸ਼ ਕਲਾ ਦਾ ਇਕ ਅਹਿਮ ਭਾਗ ਹੈ।

ਪੰਜਾਬ ਦੀ ਸਟੇਜ ਉਤੇ ਕੋਰੀਓਗਰਾਫੀ ਵਾਲੇ ਰੂਪ ਦਾ ਮੁੱਢ ਉਸ ਵੇਲੇ ਬੱਝਿਆ ਜਦੋਂ ਅੱਜ ਤੋਂ ਕੋਈ ਪੰਜ ਸਾਲ ਪਹਿਲਾਂ ਮਾਸਟਰ ਤਰਲੋਚਨ ਸਿੰਘ ਦੀ ਨਿਰਦੇਸ਼ਨਾ ਥੱਲੇ ਗੁਰਦਾਸ ਮਾਨ ਦੇ ਲਿਖੇ ਅਤੇ ਗਾਏ ਗੀਤ 'ਮੈਂ ਧਰਤੀ ਪੰਜਾਬ ਦੀ, ਵਸਦੀ ਉਜੜ ਗਈ' ਨੂੰ ਸਮਰਾਲਾ ਦੇ ਆਰਟਸ ਸੈਂਟਰ ਦੇ ਕਲਾਕਾਰਾਂ ਵਲੋਂ ਪੇਸ਼ ਕੀਤਾ ਗਿਆ। ਧਰਤੀ ਦੇ ਰੂਪ ਵਿਚ ਬਲਜਿੰਦਰ ਨੇ ਇਸ ਦੀ ਭੂਮਿਕਾ ਨਿਭਾਈ। ਉਂਜ ਤਾਂ ਧਰਤੀ ਮਾਂ ਦੀ ਪੁਕਾਰ ਦੇ ਰੂਪ ਵਿਚ ਕਈ ਫਿਲਮਾਂ ਵਿਚ ਗੀਤ ਮਿਲ ਚੁੱਕੇ ਸਨ ਪਰ ਬਲਜਿੰਦਰ ਨੇ ਪੰਜਾਬ ਦੀ ਧਰਤੀ ਦਾ ਉਹ ਦਰਦ, ਜਦੋਂ ਉਹ ਦੋ ਹਿੱਸਿਆਂ ਵਿਚ ਵੰਡੀ ਗਈ ਅਤੇ ਫੇਰ ਉਹਦੇ ਪੁੱਤਰਾਂ ਨੇ ਗੈਰ-ਇਨਸਾਨੀ ਹਰਕਤਾਂ ਕੀਤੀਆਂ, ਜਿਸ ਸ਼ਿੱਦਤ ਨਾਲ ਪੇਸ਼ ਕੀਤਾ, ਉਹ ਪੰਜਾਬ ਦੀ ਸਟੇਜ ਦੀ ਇਕ ਅਮਿੱਟ ਯਾਦ ਬਣ ਗਈ। ਇਸ ਪੇਸ਼ਕਾਰੀ ਵਿਚ ਭਾਵੇਂ ਗੁਰਦਾਸ ਮਾਨ ਦੇ ਗਾਏ ਗੀਤ ਦੀ ਸ਼ਕਤੀ ਵੀ ਸ਼ਾਮਲ ਸੀ ਪਰ ਇਸ 8 ਮਿੰਟਾਂ ਦੀ ਪੇਸ਼ਕਾਰੀ ਵਿਚ ਨਿਰਦੇਸ਼ਕ ਦੀ ਡਿਜ਼ਾਈਨ ਪ੍ਰਤਿਭਾ ਪੂਰੀ ਤਰ੍ਹਾਂ ਰੂਪਮਾਨ ਸੀ। ਇਹ ਗੱਲ ਵੀ ਲਿਖੀ ਜਾਣ ਵਾਲੀ ਹੈ ਕਿ ਇਹ ਪੇਸ਼ਕਾਰੀ ਸਕੂਲ ਦੇ ਵਿਦਿਆਰਥੀਆਂ ਵਲੋਂ ਪੇਸ਼ ਕੀਤੀ ਗਈ ਸੀ ਅਤੇ ਬਲਜਿੰਦਰ ਵੀ ਉਸ ਵੇਲੇ ਸਕੂਲ ਦੀ ਹੀ ਵਿਦਿਆਰਥਣ ਸੀ।

ਕੋਰੀਓਗਰਾਫੀ ਦੀ ਇਕ ਹੋਰ ਖੂਬਸੂਰਤ ਪੇਸ਼ਕਾਰੀ ਚਮਕੌਰ ਸਾਹਿਬ ਦੇ ਨਾਟਕ ਗਰੁੱਪ ਵਲੋਂ ਅਮਰਦੀਪ ਦੇ ਗੀਤ 'ਕੁੜੀਆਂ ਤੇ ਕੁੜੀਆਂ ਨੇ ਕੁੜੀਆਂ ਦਾ ਕੀ ਕਹਿਣਾ, ਚਿੜੀਆਂ ਤੇ ਚਿੜੀਆਂ ਨੇ, ਚਿੜੀਆਂ ਦਾ ਕੀ ਕਹਿਣਾ' ਦੀ ਹੈ। ਇਸ ਗੀਤ ਨੂੰ ਹੰਸ ਰਾਜ ਹੰਸ ਨੇ ਆਪਣੀ ਦਰਦ ਦੀ ਸੁਰ ਵਿਚ ਗਾਇਆ ਹੈ। ਪੰਜਾਬ ਦੇ ਪ੍ਰਸਿੱਧ ਨਾਟਕ ਨਿਰਦੇਸ਼ਕ ਕੁਮਾਰ ਪਵਨਦੀਪ ਨੇ ਇਸ ਨੂੰ ਡੀਜ਼ਾਇਨ ਕੀਤਾ। ਇਸ ਵਿਚ ਅਨੀਤਾ ਨੇ ਔਰਤ ਦੀ ਜੰਮਣ ਤੋਂ ਲੈ ਕੇ ਮੌਤ ਤਕ ਦੀ ਤ੍ਰਾਸਦੀ ਨੂੰ ਜਿਸ ਤਰ੍ਹਾਂ ਪੇਸ਼ ਕੀਤਾ, ਉਹ ਅਭਿਨੈ ਕਲਾ ਦਾ ਸਿਖਰ ਸੀ। ਤੰਦੂਰਾਂ ਵਿਚ ਸੜਦੀਆਂ ਔਰਤਾਂ ਦਾ ਦ੍ਰਿਸ਼ ਇਕ ਯਾਦਗਾਰੀ ਦ੍ਰਿਸ਼ ਸੀ।

ਕੋਰੀਓਗਰਾਫੀ ਕਲਾ ਦੇ ਕਮਾਲ ਦੀ ਇਕ ਹੋਰ ਮਿਸਾਲ ਕ੍ਰਿਸ਼ਨ ਕੌਰ ਪਾਲ ਦੇ ਗੀਤ 'ਮੈਂ ਹਾਂ ਇਕ ਔਰਤ, ਜੱਗ ਦੀ ਜਨਣੀ'-ਦੀ ਹੈ। ਇਹ ਗੀਤ ਦਿਲਰਾਜ ਕੌਰ ਦੀ ਆਵਾਜ਼ ਵਿਚ ਹੈ ਅਤੇ ਇਸ ਕੋਰੀਓਗਰਾਫੀ ਦੀ ਡੀਜ਼ਾਇਨਿੰਗ ਵੀ ਮਾਸਟਰ ਤਰਲੋਚਨ ਸਿੰਘ ਦੁਆਰਾ ਕੀਤੀ ਗਈ ਹੈ। ਪਿਛਲੇ ਸਾਲ ਹੰਸ ਰਾਜ ਹੰਸ ਦੇ ਗਾਏ ਗੀਤ 'ਸਰਹੱਦਾਂ ਤੋੜ ਦਿਓ' ਦਾ ਕੋਰੀਓਗਰਾਫੀ ਰੂਪ ਬਰਨਾਲਾ ਦੇ ਇਕ ਨਾਟਕ ਗਰੁੱਪ ਨੇ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਵਿਚ ਪੇਸ਼ ਕੀਤਾ ਹੈ। ਇਧਰਲੇ ਪੰਜਾਬ ਅਤੇ ਉਧਰਲੇ ਪੰਜਾਬ ਦੀ ਸਭਿਆਚਾਰਕ ਏਕਤਾ ਦੀ ਗੱਲ ਅਮਰਦੀਪ ਦੇ ਇਸ ਗੀਤ ਵਿਚ ਕੀਤੀ ਗਈ ਹੈ। ਇਹ ਪੇਸ਼ਕਾਰੀ ਵੀ ਇਕ ਯਾਦਗਾਰੀ ਪੇਸ਼ਕਸ਼ ਹੈ।

ਇਸੇ ਤਰ੍ਹਾਂ ਜਨਮ ਤੋਂ ਪਹਿਲਾਂ ਟੈਸਟਾਂ ਰਾਹੀਂ ਜਾਣਕਾਰੀ ਲੈ ਕੇ ਬੱਚੀ ਨੂੰ ਗਰਭ ਵਿਚ ਹੀ ਖਤਮ ਕੀਤੇ ਜਾਣ ਦੇ ਦਰਦ ਦੀ ਇਕ ਪੇਸ਼ਕਾਰੀ ਕੋਰੀਓਗਰਾਫੀ ਰਾਹੀਂ ਮੇਘਰਾਜ ਰੱਲਾ ਦੀ ਨਿਰਦੇਸ਼ਨਾ ਵਿਚ ਜ਼ੀਰਾ ਦੇ ਇਕ ਵਿਦਿਆਰਥੀਆਂ ਦੇ ਨਾਟ ਗਰੁੱਪ ਨੇ ਕੀਤੀ। ਉਹ ਵੀ ਇਸ ਕਲਾ ਦੀ ਸਾਰਥਕਤਾ ਦੀ ਮਿਸਾਲ ਹੈ।

ਕੋਰੀਓਗਰਾਫੀ ਨਾਟਕ ਸਿੱਖਿਆ ਦਾ ਇਕ ਜ਼ਰੂਰੀ ਰੂਪ ਹੋ ਕੇ ਉਭਰ ਰਹੀ ਹੈ। ਕਿਸੇ ਸਿਆਣੇ ਟੀਚਰ ਦੀ ਅਗਵਾਈ ਵਿਚ ਵਿਦਿਆਰਥੀਆਂ ਦਾ ਸਟੇਜ ਉਤੇ ਪ੍ਰਵੇਸ਼ ਕੋਰੀਓਗਰਾਫੀ ਰਾਹੀਂ ਸੌਖੀ ਤਰ੍ਹਾਂ ਹੋ ਜਾਂਦਾ ਹੈ ਕਿਉਂਕਿ ਚੰਗੇ ਤੋਂ ਚੰਗੇ ਗਾਏ ਗੀਤਾਂ ਦੀਆਂ ਟੇਪਾਂ ਮਿਲ ਜਾਂਦੀਆਂ ਹਨ। ਰੀਹਰਸਲਾਂ ਟੇਪਾਂ ਰਾਹੀਂ ਸੌਖੀਆਂ ਹੋ ਜਾਂਦੀਆਂ ਹਨ। ਕਿਸੇ ਵਿਦਿਆਰਥੀ ਦੀ ਨਾਟ ਪ੍ਰਤਿਭਾ ਇਕਦਮ ਪਹਿਚਾਣੀ ਜਾਂਦੀ ਹੈ ਕਿ ਇਸ ਦੀ ਚੰਗਾ ਨਾਟ ਕਲਾਕਾਰ ਬਣਨ ਦੀ ਕੀ ਸੰਭਾਵਨਾ ਹੈ। ਪਿਛਲੇ ਮਹੀਨੇ ਮੋਗਾ ਜ਼ਿਲੇ ਦੇ ਇਕ ਪਿੰਡ ਨੰਗਲ ਵਿਚ ਇਕ ਨਾਟਕ ਸਮਾਗਮ ਉਤੇ ਮੈਂ ਨਿਹਾਲ ਸਿੰਘ ਵਾਲਾ ਦੇ ਇਕ ਸਕੂਲ ਬਾਬਾ ਜੀਵਨ ਸਿੰਘ ਪਾਠਸ਼ਾਲਾ ਦੇ ਬੱਚਿਆਂ ਵਲੋਂ ਮਾਸਟਰ ਹਰਜੀਤ ਸਿੰਘ ਦੀ ਨਿਗਰਾਨੀ ਵਿਚ ਤਿਆਰ ਕਰਵਾਈਆਂ ਕੁਝ ਕੋਰੀਓਗਰਾਫੀਆਂ ਵੇਖੀਆਂ। ਮੈਂ ਇਕਦਮ ਪਹਿਚਾਣ ਸਕਿਆ ਕਿ ਉਸ ਛੋਟੇ ਬੱਚਿਆਂ ਦੀ ਟੀਮ ਵਿਚ ਦੋ ਕੁੜੀਆਂ ਅਤੇ ਦੋ ਮੁੰਡੇ ਇਹੋ ਜਿਹੀ ਪ੍ਰਤਿਭਾ ਦੇ ਮਾਲਕ ਜ਼ਰੂਰ ਹਨ ਕਿ ਥੋੜ੍ਹੀ ਜਿਹੀ ਸਿਖਲਾਈ ਨਾਲ ਹੀ ਉਹ ਚੰਗੇ ਨਾਟਕ ਕਲਾਕਾਰ ਬਣ ਸਕਦੇ ਹਨ।

ਪਿਛਲੇ ਚਾਰ-ਪੰਜ ਸਾਲਾਂ ਤੋਂ ਜਿਹੜੀਆਂ ਕੋਰੀਓਗਰਾਫੀ ਦੀਆਂ ਪੇਸ਼ਕਾਰੀਆਂ ਹੋਈਆਂ ਹਨ ਅਤੇ ਜਿਨ੍ਹਾਂ ਨੇ ਪੰਜਾਬ ਦੀ ਸਟੇਜ ਉਤੇ ਆਪਣੀ ਛਾਪ ਛੱਡੀ ਹੈ, ਉਨ੍ਹਾਂ ਵਿਚ ਬਹੁਤੀ ਭਾਗਦਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਹੈ। ਇਸ ਕਰ ਕੇ ਸਹਿਜੇ ਹੀ ਇਹ ਕਿਹਾ ਜਾ ਸਕਦਾ ਹੈ ਕਿ ਕੋਰੀਓਗਰਾਫੀ ਦੀ ਕਲਾ ਨਾਟਕ ਸਿਖਲਾਈ ਵਿਚ ਨਰਸਰੀ ਸਕੂਲ ਦੀ ਭੂਮਿਕਾ ਨਿਭਾ ਸਕਦੀ ਹੈ। ਆਪਣੇ ਆਪ ਵਿਚ ਇਹ ਇਸ ਕਲਾ ਦੀ ਪ੍ਰਾਪਤੀ ਹੈ।